## ਪਬਲਿਕ ਨੋਟਿਸ

ਵਿਸ਼ਾ: **Diploma in Elementary Education (D.El.Ed) (E.T.T) ਸੈਸ਼ਨ 2020-22 ਦੇ ਦਾਖਿਲਆਂ ਸਬੰਧੀ।**

ਸਟੇਟ ਕੌਂਸਲ ਆਫ ਐਜੂਕੇਸ਼ਨਲ ਰਿਸਰਚ ਐਂਡ ਟਰੇਨਿੰਗ (ਐੱਸ.ਸੀ.ਈ.ਆਰ.ਟੀ.) ਪੰਜਾਬ ਨੇ **Diploma in Elementary Education (D.El.Ed.) (E.T.T) ਸੈਸ਼ਨ 2020-22** ਦੇ ਦਾਖਲੇ ਦੀ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਹੈ। ਜਿਹੜੇ ਉਮੀਦਵਾਰ **10+2** ਜਾਂ ਇਸ ਦੇ ਬਰਾਬਰ ਦੀ ਪ੍ਰੀਖਿਆ ਪਾਸ ਕਰ ਚੁੱਕੇ ਹਨ ਅਤੇ ਪੰਜਾਬ ਰਾਜ ਵਿੱਚ ਸਥਿੱਤ ਸਰਕਾਰੀ ਸੰਸਥਾਵਾਂ ਜਾਂ ਮਾਨਤਾ ਪ੍ਰਾਪਤ ਪ੍ਰਾਈਵੇਟ ਸੰਸਥਾਵਾਂ ਵਿੱਚ ਦੋ-ਸਾਲਾ **D.El.Ed.** ਕੋਰਸ ਵਿੱਚ ਦਾਖਲਾ ਲੈਣ ਦੇ ਇੱਛੁਕ ਹਨ, ਉਹ ਆਪਣੀ ਰਜਿਸਟਰੇਸ਼ਨ ਵੈਬਸਾਇਟ www.ssapunjab.org ਤੇ ਕਰ ਸਕਦੇ ਹਨ। ਜਨਰਲ ਤੇ ਬੀ.ਸੀ. ਕੈਟਾਗਰੀ ਲਈ ਰਜਿਸਟ੍ਰੇਸਨ ਫੀਸ **600/-** ਰੁਪਏ ਅਤੇ ਐਸ.ਸੀ./ ਐਸ.ਟੀ ਤੇ ਅੰਗਹੀਣ ਕੈਟਾਗਰੀ ਲਈ **300/-** ਰੁਪਏ ਹੈ। ਰਜਿਸਟ੍ਰੇਸ਼ਨ ਫੀਸ ਆਨ ਲਾਇਨ ਭਰੀ ਜਾਵੇਗੀ। ਐਕਸ ਸਰਵਿਸਮੈਨ (ਖੁਦ) ਲਈ ਕੋਈ ਫੀਸ ਨਹੀਂ ਹੈ।

ਯੋਗਤਾ: **10+2** ਜਾਂ ਇਸ ਦੇ ਬਰਾਬਰ ਦੀ ਯੋਗਤਾ ਪਾਸ ਹੋਵੇ। ਦਸਵੀਂ ਪੱਧਰ ਤੇ ਅੰਗਰੇਜ਼ੀ, ਹਿੰਦੀ, ਪੰਜਾਬੀ, ਵਿਗਿਆਨ, ਸਮਾਜਿਕ ਸਿੱਖਿਆ ਅਤੇ ਹਿਸਾਬ ਵਿਸ਼ੇ ਪਾਸ ਹੋਣੇ ਲਾਜਮੀ ਹਨ।

| | | |
|---|---|---|
| 1 | Online registration | 16-02-2021 to 02-03-2021 |
| 2 | Filling of online Application form | 16-02-2021 to 02-03-2021 |
| 3 | Payment of fees | 16-02-2021 to 02-03-2021 |
| 4 | Merit list | 04-03-2021 |

- ਉਪਰਕੋਤ ਤਜਵੀਜ ਅਨੁਸਾਰ ਜੇਕਰ ਦਾਖਲਾ ਪ੍ਰਕਿਰਿਆ ਦੀਆਂ ਮਿਤੀਆਂ ਵਿੱਚ ਕੋਈ ਤਬਦੀਲੀ ਕੀਤੀ ਜਾਂਦੀ ਹੈ , ਉਸ ਸਬੰਧੀ ਵੈਬਸਾਈਟ ਤੇ ਜਾਣਕਾਰੀ ਦਿੱਤੀ ਜਾਵੇਗੀ। ਇਸ ਲਈ ਇੱਛੁਕ ਉਮੀਦਵਾਰਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਵੈਬਸਾਈਟ ਨਿਯਮਿਤ ਤੌਰ ਤੇ ਚੈੱਕ ਕਰਦੇ ਰਹਿਣ।
- ਆਨ- ਲਾਈਨ ਰਜਿਸਟ੍ਰੇਸਨ ਕਰਨ ਸਮੇਂ ਉਮੀਦਵਾਰ ਆਪਣੇ ਮੁਕੰਮਲ ਵੇਰਵੇ ਸਹੀ ਭਰਨ ਉਪਰੰਤ ਹੀ **Final submission** ਤੋ ਪਹਿਲਾਂ ਇੱਕ ਵਾਰ ਚੈੱਕ ਕਰ ਲੈਣ, ਬਾਅਦ ਵਿੱਚ ਵੇਰਵੇ ਸੋਧ (edit) ਕਰਨ ਦਾ ਕੋਈ ਵੀ ਮੌਕਾ ਨਹੀ ਦਿੱਤਾ ਜਾਵੇਗਾ।
- ਉਮੀਦਵਾਰ ਵਧੇਰੇ ਜਾਣਕਾਰੀ ਲਈ SSA ਦੀ ਵੈਬਸਾਈਟ (www.ssapunjab.org) ਦਿਸ਼ਾ ਨਿਰਦੇਸ਼ ਪੜ੍ਹ ਲੈਣ।

**ਡਾਇਰੈਕਟਰ**

ਐਸ.ਸੀ.ਈ.ਆਰ.ਟੀ. ਪੰਜਾਬ।